# ਸੋਮਵਾਰ 16 ਸਤੰਬਰ 2019 ਤੋਂ ਐਤਵਾਰ 22 ਸਤੰਬਰ 2019 ਤੱਕ

**16.9.19 ਸੋਮਵਾਰ**: - ਜੋਤੀ ਜੋਤ ਸ੍ਰੀ ਗੁਰੂ ਅਮਰਦਾਸ ਜੀ, ਜੋਤੀ ਜੋਤ ਸ੍ਰੀ ਗੁਰੂ ਰਾਮ ਦਾਸ ਜੀ, ਗੁਰਗੱਦੀ ਸ੍ਰੀ ਗੁਰੂ ਰਾਮ ਦਾਸ ਜੀ, ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ

**18.9.19 ਬੁੱਧਵਾਰ: -**

**4.30 ਵਜ਼ੇ:-** ਸਾਧ ਸੰਗਤ ਵੱਲੋ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰ ਗੱਦੀ ਦੇ ਸਬੰਧ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ ਕੀਰਤਨ ਕਰੇਗਾ ਅਤੇ ਸਾਰੀ ਹੋਵੇਗੀ

**ਦੇਗਾਂ ਦੀਆਂ ਸੇਵਾਵਾਂ: -** ਸ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

**19.9.19 ਵੀਰਵਾਰ: - 6.00 ਵੱਜ਼ੇ: -** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**20.9.19 ਸ਼ੁਕਰਵਾਰ:-**

**10.00 ਵਜ਼ੇ: -** ਬੀਬੀ ਚੰਨਣ ਕੌਰ ਪਰਿਵਾਰ ਵੱਲੋਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ: ਨਾਵਿੰਦਰ ਸਿੰਘ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**21.9.19 ਸ਼ਨਿਚਰਵਾਰ: -**

**7.00 ਵੱਜੇ ਸਵੇਰੇ:-**ਬੀਬੀ ਸੁਰਜੀਤ ਕੌਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਚਾਹ, ਪਾਣੀ ਸੇਵਾ ਹੋਵੇਗੀ।

**12.00 ਵੱਜੇ ਦੁਪੈਹਰੇ: -** ਸ ਗੁਰਦੇਵ ਸਿੰਘ ਬਾਸੀ ਦੇ ਗ੍ਰਹਿ ਵਿੱਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

**4.00 ਵਜ਼ੇ: -** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

**22.9.19 ਐਤਵਾਰ: -** ਜੋਤੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ

**10.00 ਵਜ਼ੇ: -** ਬੀਬੀ ਚੰਨਣ ਕੌਰ ਪਰਿਵਾਰ ਵੱਲੋ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

**ਸਤੰਬਰ**

**ਭਾਦੋਂ-ਅੱਸੂ**

- **28 ਸਤੰਬਰ ਜਨਮ ਦਿਨ ਸ਼ਹੀਦ ਭਗਤ ਸਿੰਘ ਜੀ**



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਲਸਫਾ

ਸਿੱਧਾਂ ਤੇ ਜੋਗੀਆਂ ਨਾਲ ਮੁਲਾਕਾਤ : ਆਪਣੀਆਂ ਯਾਤਰਾਵਾਂ ਸਮੇਂ ਗੁਰੂ ਜੀ ਬਹੁਤ ਸਾਰੇ ਸਿੱਧਾਂ ਤੇ ਜੋਗੀਆਂ ਨੂੰ ਵੀ ਮਿਲੇ ਅਤੇ ਆਪਣੀਆਂ ਤਰਕਬੱਧ ਗੱਲਾਂ ਦੇ ਰਾਹੀਂ ਇਨ੍ਹਾਂ ਭਟਕ ਚੁੱਕੇ ਲੋਕਾਂ ਦੀ ਸੋਚ ਨੂੰ ਸੁਧਾਰਿਆ। ਗੱਲ ਉਸ ਸਮੇਂ ਦੀ ਹੈ ਜਦ ਗੁਰੂ ਜੀ ਸਿੱਧਾਂ ਨੂੰ ਸੁਧਾਰਨ ਲਈ ਸੁਮੇਰ ਪਰਬਤ 'ਤੇ ਜਾ ਚੜ੍ਹੇ। ਸੁਮੇਰ ਪਰਬਤ 'ਤੇ ਚੜ੍ਹਨਾ ਉਨ੍ਹਾਂ ਸਮਿਆਂ 'ਚ ਕੋਈ ਸਾਧਾਰਨ ਗੱਲ ਨਹੀਂ ਸੀ, ਕੋਈ ਹੱਠੀ ਬੰਦਾ ਹੀ ਇਸ ਪਰਬਤ 'ਤੇ ਚੜ੍ਹ ਸਕਦਾ ਸੀ। ਗੁਰੂ ਜੀ ਨੂੰ ਇੱਥੇ ਪੁੱਜੇ ਵੇਖ ਕੇ ਸਿੱਧ ਹੈਰਾਨ ਹੋਏ ਤੇ ਪੁੱਛਣ ਲੱਗੇ ਕਿ ਉਹ ਇਥੇ ਕਿਵੇਂ ਪਹੁੰਚਿਆ? ਗੁਰੂ ਜੀ ਨੇ ਜਵਾਬ ਵਜੋਂ ਆਪਣੀ ਮਿਹਨਤ ਦਾ ਖੁਲਾਸਾ ਕੀਤਾ ਤੇ ਮਿਹਨਤ ਅੱਗੇ ਹਰ ਮੰਜ਼ਿਲ ਦੇ ਸਰ ਹੋ ਜਾਣ ਦਾ ਪਾਠ ਪੜ੍ਹਾਇਆ। ਜਦ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਕਿ ਦੁਨੀਆ ਦਾ ਕੀ ਹਾਲ ਹੈ? ਤਾਂ ਗੁਰੂ ਜੀ ਨੇ ਬੜੀ ਗੰਭੀਰਤਾ ਨਾਲ ਸੁਣਦੇ ਹੋਏ ਕਿਹਾ ਕਿ, 'ਦੁਨੀਆ ਨੂੰ ਚਲਾਉਣ ਵਾਲੇ ਤੇ ਸੁਧਾਰਨ ਵਾਲੇ ਤਾਂ ਪਹਾੜਾਂ 'ਤੇ ਚੜ੍ਹੇ ਬੈਠੇ ਹਨ, ਦੁਨੀਆ ਦਾ ਹਾਲ ਤਾਂ ਮਾੜਾ ਹੋਣਾ ਹੀ ਹੈ, ਹਰ ਪਾਸੇ ਕੂੜ ਪਸਰਿਆ ਹੋਇਆ ਹੈ, ਪਾਪ ਨੇ ਧਰਤੀ ਘੇਰ ਰੱਖੀ ਹੈ।' ਗੁਰੂ ਜੀ ਦੀਆਂ ਗੱਲਾਂ ਸੁਣ ਕੇ 84 ਦੇ 84 ਸਿੱਧ ਨੀਵੀਂਆਂ ਪਾ ਕੇ ਬੈਠ ਗਏ। ਗੁਰੂ ਜੀ ਅੱਗੇ ਤੁਰ ਗਏ।

ਇਸੇ ਤਰ੍ਹਾਂ ਜਦ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਵਾਪਸ ਆ ਕੇ ਕਰਤਾਰਪੁਰ ਵਿਖੇ ਉਦਾਸੀਆਂ ਵਾਲਾ ਬਾਣਾ ਉਤਾਰ ਕੇ ਸੰਸਾਰਿਕ ਪਹਿਰਾਵੇ 'ਚ ਰਹਿਣ ਲੱਗੇ ਤਾਂ ਇਕ ਦਿਨ ਉਹ ਅੱਚਲ ਬਟਾਲੇ ਪਿੰਡ 'ਚ ਸ਼ਿਵਰਾਤਰੀ ਮੌਕੇ ਗਏ ਤਾਂ ਲੋਕਾਂ ਦਾ ਇਕੱਠ ਗੁਰੂ ਜੀ ਦੇ ਦੁਆਲੇ ਠਾਠਾਂ ਮਾਰਨ ਲੱਗਾ। ਇਹ ਵੇਖ ਕੇ ਜੋਗੀ ਭੰਗਰ ਨਾਥ ਨੇ ਖਿਝ 'ਚ ਗੁਰੂ ਜੀ ਨੂੰ ਮੇਹਣਾ ਮਾਰਿਆ ਕਿ 'ਤੂੰ ਉਦਾਸੀਆਂ ਵਾਲਾ ਬਾਣਾ ਉਤਾਰ ਕੇ ਗ਼ਲਤ ਕੰਮ ਕੀਤਾ ਹੈ, ਤੂੰ ਗ੍ਰਹਿਸਥੀਆਂ ਦੇ ਜੀਵਨ ਮੋਹ 'ਚ ਫਸ ਗਿਆ ਹੈਂ।' ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ, 'ਜੇਕਰ ਗ੍ਰਹਿਸਥੀ ਜੀਵਨ ਇੰਨਾ ਮਾੜਾ ਹੈ ਤਾਂ ਤੁਸੀਂ ਗ੍ਰਹਿਸਥੀਆਂ ਦੇ ਘਰ ਮੰਗਣ ਕਿਉਂ ਜਾਂਦੇ ਹੋ?' ਇੰਨਾ ਸੁਣ ਕੇ ਭੰਗਰ ਨਾਥ ਚੁੱਪ ਹੋ ਗਿਆ। ਦੂਸਰੇ ਜੋਗੀ ਗੁਰੂ ਜੀ ਨੂੰ ਕਹਿਣ ਲੱਗੇ ਕਿ, 'ਤੇਰੇ ਕੋਲ ਕਰਾਮਾਤ ਦੀ ਸ਼ਕਤੀ ਹੈ, ਜੇ ਹੈ ਤਾਂ ਸਾਨੂੰ ਵੀ ਕੋਈ ਕਰਾਮਾਤ ਵਿਖਾਓ।' ਤਾਂ ਗੁਰੂ ਜੀ ਨੇ ਕਿਹਾ ਕਿ, 'ਕਰਾਮਾਤ ਨਾਂਅ ਦੀ ਕੋਈ ਚੀਜ਼ ਮੇਰੇ ਕੋਲ ਨਹੀਂ, ਬਸ ਮੇਰੇ ਕੋਲ ਤਾਂ ਪਰਮਾਤਮਾ ਦੀ ਬਾਣੀ ਹੈ।'
ਮੱਕੇ ਦੀ ਯਾਤਰਾ : ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਸਮੇਂ ਸਾਊਦੀ-ਅਰਬ, ਇਰਾਕ, ਈਰਾਨ ਅਤੇ ਅਫਗਾਨਿਸਤਾਨ ਆਦਿ ਦੇਸ਼ਾਂ-ਵਿਦੇਸ਼ਾਂ 'ਚ ਗਏ। ਗੁਰੂ ਜੀ ਦੀ ਇਹ ਖਾਸੀਅਤ ਸੀ ਕਿ ਉਹ ਜਿਸ ਦੇਸ਼ ਅਤੇ ਸੱਭਿਆਚਾਰ 'ਚ ਪੈਰ ਰੱਖਦੇ ਸੀ, ਉਥੋਂ ਦਾ ਹੀ ਪਹਿਰਾਵਾ ਅਪਣਾ ਲੈਂਦੇ ਸਨ, ਜਿਸ ਕਾਰਨ ਗੁਰੂ ਜੀ ਹਰ ਇਕ ਨੂੰ ਆਪਣੇ ਵਿਚੋਂ ਹੀ ਕੋਈ ਵੀਰ-ਭਰਾ ਲਗਦੇ ਸਨ। ਮੱਕੇ ਦੀ ਯਾਤਰਾ ਸਮੇਂ ਗੁਰੂ ਨਾਨਕ ਦੇਵ ਜੀ ਨੇ ਨੀਲਾ ਬਸਤਰ ਪਹਿਨਿਆ ਹੋਇਆ ਸੀ, ਹੱਥ ਵਿਚ ਸੋਟਾ ਫੜਿਆ ਅਤੇ ਕੱਛ ਵਿਚ ਕਿਤਾਬ ਫੜੀ ਹੋਈ ਸੀ, ਉਨ੍ਹਾਂ ਕੋਲ ਲੋਟਾ ਅਤੇ ਆਜਾਨ ਦੇਣ ਸਮੇਂ ਹੇਠ ਵਿਛਾਉਣ ਵਾਲੀ ਵਿਛਾਈ (ਮੁਸੱਲਾ) ਵੀ ਸੀ। ਇਥੋਂ ਦੇ ਕਾਜ਼ੀਆਂ-ਹਾਜੀਆਂ ਦਾ ਭਰਮ ਤੋੜਨ ਲਈ ਗੁਰੂ ਜੀ ਨੇ ਇਕ ਮਸੀਤ 'ਚ ਰੁਕਣ ਦਾ ਫ਼ੈਸਲਾ ਕੀਤਾ। ਰਾਤ ਨੂੰ ਸੌਣ ਸਮੇਂ ਗੁਰੂ ਜੀ ਆਪਣੀਆਂ ਲੱਤਾਂ ਮਹਿਰਾਬ (ਮੱਕੇ ਦਾ ਕੇਂਦਰੀ ਸਥਾਨ) ਵੱਲ ਨੂੰ ਕਰਕੇ ਸੌਂ ਗਏ। (ਇਸ ਨੂੰ ਮੁਸਲਮਾਨਾਂ ਵੱਲੋਂ ਗੁਨਾਹ ਮੰਨਿਆ ਜਾਂਦਾ ਹੈ)। ਇਹ ਵੇਖ ਕੇ ਜੀਵਨ ਨਾਂਅ ਦੇ ਕਾਜ਼ੀ ਨੇ ਗੁੱਸੇ ਵਿਚ ਆ ਕੇ ਗੁਰੂ ਜੀ ਦੇ ਲੱਤ ਮਾਰ ਕੇ ਕਿਹਾ ਕਿ, 'ਕਿਹੜਾ ਕਾਫਰ, ਮੁਨਕਰ ਖੁਦਾ ਵੱਲ ਨੂੰ ਲੱਤਾਂ ਕਰਕੇ ਸੁੱਤਾ ਹੋਇਆ ਹੈ?' ਗੁਰੂ ਜੀ ਨੇ ਮੁਸਕਰਾ ਕੇ ਜੀਵਨ ਕਾਜ਼ੀ ਨੂੰ ਕਿਹਾ, 'ਚੰਗਾ ਭਾਈ ਜਿਧਰ ਨੂੰ ਖੁਦਾ ਨਹੀਂ ਹੈ, ਮੇਰੀਆਂ ਲੱਤਾਂ ਉਸ ਦਿਸ਼ਾ ਵੱਲ ਨੂੰ ਘੁਮਾ ਦੇ।' ਐਨੀ ਗੱਲ ਸੁਣ ਕੇ ਜੀਵਨ ਕਾਜ਼ੀ ਸੋਚਾਂ 'ਚ ਪੈ ਗਿਆ ਅਤੇ ਇਹ ਸਮਝਣ 'ਚ ਉਸ ਨੂੰ ਰਤਾ ਦੇਰ ਨਾ ਲੱਗੀ ਕਿ ਇਸਲਾਮ ਧਰਮ ਖੁਦਾ ਦੇ ਕਣ-ਕਣ ਵਿਚ ਮੌਜੂਦ ਹੋਣ ਦੀ ਹਾਮੀ ਭਰਦਾ ਹੈ, ਇਸ ਲਈ ਖੁਦਾ ਕੇਵਲ ਇਕ ਦਿਸ਼ਾ ਵੱਲ ਨਹੀਂ, ਸਗੋਂ ਸਾਰੀਆਂ ਦਿਸ਼ਾਵਾਂ ਵੱਲ ਫੈਲਿਆ ਹੋਇਆ ਸਰਬ-ਵਿਆਪਕ ਰੱਬ ਹੈ। ਗੁਰੂ ਜੀ ਦੀ ਗੱਲ ਤੋਂ ਉਹ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦੀ ਸਿੱਖਿਆ 'ਤੇ ਅਮਲ ਕੀਤਾ ਤੇ ਲੰਬੇ ਸਮੇਂ ਤੱਕ ਵਿਚਾਰ ਚਰਚਾ ਹੋਈ। ਘਟਨਾਵਾਂ ਤਾਂ ਹੋਰ ਵੀ ਬਹੁਤ ਹਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਿੱਤਰ ਨੂੰ ਨਿਖਾਰਦੀਆਂ ਹਨ, ਗੁਰੂ ਜੀ ਦੇ ਜੀਵਨ ਪੰਧ ਨੂੰ ਸਮਝਣ ਲਈ ਇੰਨੀਆਂ ਹੀ ਗੱਲਾਂ ਕਾਫੀ ਹਨ। ਗੁਰੂ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ, ਸਗੋਂ ਇਕ ਸੱਚੇ ਇਨਸਾਨ ਤੇ ਦੁਨੀਆ ਨੂੰ ਸੱਚ ਦਾ ਪਾਠ ਪੜ੍ਹਾਉਣ ਵਾਲੇ ਤਜਰਬੇਕਾਰ ਅਧਿਆਪਕ ਵੀ ਸਨ।

ਹਿਸਟਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋਬਾ: 99140-55472 **ਖਲੀਲ ਖਾਨ**